Roll No. ..................

Total No. of Questions : 7]

**004**

[Total No. of Printed Pages : 3

**SS**

**2067**

**ਸਲਾਨਾ ਪਰੀਖਿਆ ਪ੍ਰਣਾਲੀ**

**PUNJABI (Elective)**

**(Evening Session)**

Time allowed : Three hours

Maximum marks : 90

ਨੋਟ : (i) ਆਪਣੀ ਉੱਤਰ-ਪੱਤਰੀ ਦੇ ਟਾਈਟਲ ਪੰਨੇ 'ਤੇ ਵਿਸ਼ਾ-ਕੋਡ/ਪੇਪਰ-ਕੋਡ ਵਾਲੇ ਖ਼ਾਨੇ ਵਿਚ ਵਿਸ਼ਾ-ਕੋਡ/ਪੇਪਰ-ਕੋਡ **004** ਜ਼ਰੂਰ ਦਰਜ ਕਰੋ ਜੀ ।

(ii) ਉੱਤਰ-ਪੱਤਰੀ ਲੈਂਦੇ ਹੀ ਇਸ ਦੇ ਪੰਨੇ ਗਿਣ ਕੇ ਦੇਖ ਲਓ ਕਿ ਇਸ ਵਿੱਚ ਟਾਈਟਲ ਸਹਿਤ 30 ਪੰਨੇ ਹਨ ਅਤੇ ਠੀਕ ਕ੍ਰਮਵਾਰ ਹਨ ।

(iii) ਉੱਤਰ-ਪੱਤਰੀ ਵਿੱਚ ਖ਼ਾਲੀ ਪੰਨਾ/ਪੰਨੇ ਛੱਡਣ ਤੋਂ ਬਾਅਦ ਹੱਲ ਕੀਤੇ ਗਏ ਪ੍ਰਸ਼ਨ/ਪ੍ਰਸ਼ਨਾਂ ਦਾ ਮੁਲਾਂਕਣ ਨਹੀਂ ਕੀਤਾ ਜਾਵੇਗਾ ।

(vi) ਸਾਰੇ ਪ੍ਰਸ਼ਨ ਜ਼ਰੂਰੀ ਹਨ ।

(v) ਪ੍ਰਸ਼ਨ ਦਾ ਉੱਤਰ ਖ਼ਤਮ ਹੋਣ 'ਤੇ ਇੱਕ ਲਾਈਨ ਲਾ ਦਿਓ ।

1. ਪੁੱਛੇ ਗਏ ਵਸਤੂਨਿਸ਼ਠ ਪ੍ਰਸ਼ਨਾਂ ਦੇ ਸੰਖੇਪ ਉਤਰ ਦਿਓ :

(ੳ) ਵਜੀਦ ਜੀ ਅਨੁਸਾਰ ਰੱਬ ਦੇ ਭਾਣੇ ਵਿੱਚ ਕੌਣ ਹਾਥੀਆਂ ਤੇ ਘੋੜਿਆਂ ਦੀ ਸਵਾਰੀ ਕਰਦੇ ਹਨ ?

(ਅ) ਗੁਰੂ ਜੀ ਅਨੁਸਾਰ ਸਭ ਜੀਵਾਂ ਦਾ ਪਿਤਾ ਕੌਣ ਹੈ ?

(ੲ) ਹਾਫ਼ਿਜ ਬਰਖ਼ੁਰਦਾਰ ਦਾ ਪ੍ਰਸਿੱਧ ਕਿੱਸਾ ਕਿਹੜਾ ਹੈ ?

(ਸ) ਕਿਹੜੇ ਕਵੀ ਨੂੰ ਪੰਜਾਬੀ ਦਾ 'ਕੌਮੀ ਕਵੀ' ਕਿਹਾ ਜਾਂਦਾ ਹੈ ?

(ਹ) ਬਾਲ ਪੂਰਨ ਸਿੰਘ ਦੀ ਵਾਲ਼ਾਂ ਦੀ ਮੀਢੀ ਨਾਲ ਉਸ ਦੀ ਮਾਂ ਨੇ ਕੀ ਗੁੰਦ ਦਿੱਤਾ ?

(ਕ) ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਨੁਸਾਰ ਯੂਰਪ ਦਾ ਸਭ ਤੋਂ ਸਾਫ਼ ਮੁਲਕ ਕਿਹੜਾ ਸੀ ?

(ਖ) 'ਕਵਿਤਾ' ਦੀ ਸਿਰਜਨਾ ਕਿਹੋ-ਜਿਹਾ ਮਨੁੱਖ ਕਰ ਸਕਦਾ ਹੈ ?

(ਗ) 6+7=13 ਵਰਨਾਂ ਵਾਲ਼ੇ ਛੰਦ ਦਾ ਨਾਂ ਲਿਖੋ ।

(ਘ) ਜਿੱਥੇ ਉਪਮੇਜ ਅਤੇ ਉਪਮਾਨ ਨੂੰ ਇੱਕ ਰੂਪ ਕਰ ਕੇ ਦੱਸਿਆ ਜਾਵੇ, ਉੱਥੇ ਕਿਹੜਾ ਅਲੰਕਾਰ ਹੁੰਦਾ ਹੈ ?

(ਙ) 'ਚੰਡੀ ਦੀ ਵਾਰ' ਕਿਹੜੇ ਰਸ ਦਾ ਉੱਤਮ ਨਮੂਨਾ ਹੈ ?

10×1=10

2. ਹੇਠ ਲਿਖੇ ਕਾਵਿ-ਟੋਟਿਆਂ ਵਿੱਚੋਂ ਕਿਸੇ ਦੋ ਦੀ ਪ੍ਰਸੰਗ ਸਹਿਤ ਵਿਆਖਿਆ ਲਿਖੋ :

(ੳ) ਇਕਨਾਂ ਦੇ ਧਨ ਪਲੇ ਸ਼ਾਹ ਸਦਾਇੰਦੇ ।

ਪਹਿਰਨ ਮਲਮਲ ਖਾਸਾ ਮੁਸ਼ਕ ਹੰਢਾਇੰਦੇ ।

ਇਕਨਾਂ ਭਿਖ ਨ ਪੈਂਦੀ ਫਿਰਦੇ ਦਰ-ਬਦਰ ।

ਵਜੀਦਾ ਕੌਣ ਸਾਹਿਬ ਨੋ ਆਖੇ ਐਉਂ ਨਹੀਂ ਔਂਵ ਕਰ ।

(ਅ) ਆਖਣੁ ਆਖਿ ਨ ਰਜਿਆ ਸੁਨਣ ਨ ਰਜੇ ਕੰਨ ॥

ਅਖੀ ਦੇਖਿ ਨ ਰਜੀਆ ਗੁਣ ਗਾਹਕ ਇਕ ਵੰਨ ॥

ਭੁਖਿਆ ਭੁਖ ਨ ਉਤਰੈ ਗਲੀ ਭੁਖ ਨ ਜਾਇ ॥

ਨਾਨਕ ਭੁਖਾ ਤਾ ਰਜੈ ਜਾ ਗੁਣ ਕਹਿ ਗੁਣੀ ਸਮਾਇ ॥

(ੲ) ਸੋ-ਸਾਬਤੀ ਰਹੀ ਨਾ ਵਿਚ ਉਸ ਦੇ, ਮੈਨੂੰ ਪਕੜ ਕੇ ਪਾਸ ਬਹਾਨ ਲੱਗੀ ।

ਗੁਰੂ ਨਾਥ ਜੀ ਗੱਲ ਨੂੰ ਸਮਝਿਆ ਮੈਂ, ਕੜਾ ਜ਼ਿਮੀਂ ਅਸਮਾਨ ਦਾ ਢਾਹਨ ਲੱਗੀ ।

ਕੰਨੀ ਖਿਚ ਮੈਂ ਅੰਦਰੋਂ ਬਾਹਰ ਆਇਆ, ਜਦੋਂ ਧਰਮ ਡਿਠਾ ਜਿੰਦ ਜਾਨ ਲੱਗੀ ।

ਕਾਦਰਯਾਰ ਜਾਂ ਰਾਤ ਨੂੰ ਆਇਆ ਰਾਜਾ, ਉਹਨੂੰ ਅਲਸਾਂ ਨਾਲ ਸਿਖਾਨ ਲੱਗੀ ।

(ਸ) ਨਾਦਰ ਸ਼ਾਹ ਅੰਬੀਰ ਵਲਾਯਤੀ, ਫੇਰ ਸਭ ਬੋਲਾਏ ।

ਓਹ ਜਾ ਖਲੋਤਾ ਰਾਜ ਘਾਟ, ਮੱਲਾਹ ਸਦਾਏ ।

ਕਾਸਦ ਖ਼ਬਰ ਅਮੂਰ ਦੀ, ਆ ਹਜ਼ੂਰ ਪਹੁੰਚਾਏ ।

ਨਵਾਬ ਖ਼ਾਨ ਬਹਾਦਰ ਮੋਰਚੇ, ਕੱਢ ਅਗੇ ਲਾਏ ।

ਚੜ੍ਹਿਆ ਲਸ਼ਕਰ ਵੇਖ ਕੇ, ਉੱਡ ਹੈਰਤ ਜਾਏ । 8+8=16

**3.** ਕਿਸੇ **ਇੱਕ** ਕਵਿਤਾ ਦਾ ਕੇਂਦਰੀ ਭਾਵ ਲਿਖੋ :

(ੳ) ਦੁਖ ਤਦੇ ਜਾ ਵਿਸਰਿ ਜਾਵੈ

(ਅ) ਰਾਂਝੇ ਦੀ ਜੋਗ ਲੈਣ ਲਈ ਬੇਨਤੀ

(ੲ) ਕਰਨਾਲ ਦੀ ਲੜਾਈ । 5

**4.** ਗੁਰਮਤਿ ਕਾਵਿ-ਧਾਰਾ ਦੀਆਂ ਪ੍ਰਾਪਤੀਆਂ ਉੱਤੇ ਇੱਕ ਨੋਟ ਲਿਖੋ ।

ਜਾਂ

ਦਮੋਦਰ ਦੇ ਜੀਵਨ, ਰਚਨਾ ਤੇ ਉਸ ਦੀ ਕਾਵਿ-ਕਲਾ ਉੱਤੇ ਇੱਕ ਨੋਟ ਲਿਖੋ । 15

**5.** 'ਆਪ-ਬੀਤੀਆਂ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ **ਪੰਜ** ਪ੍ਰਸ਼ਨਾਂ ਦੇ ਸੰਖੇਪ ਉੱਤਰ ਲਿਖੋ :

(ੳ) 'ਮੁੱਢਲੀ ਅਵਸਥਾ' ਤੇ 'ਮਿਡਲ ਦੀ ਪੜ੍ਹਾਈ' ਸ੍ਵੈਜੀਵਨੀ-ਅੰਸ਼ਾਂ ਵਿੱਚੋਂ ਪ੍ਰਿ: ਤੇਜਾ ਸਿੰਘ ਦੀ ਜਿਹੋ-ਜਿਹੀ ਸ਼ਖ਼ਸੀਅਤ ਉਭੱਰਦੀ ਹੈ, ਉਸ ਦਾ ਚਿਤਰਨ ਕਰੋ ।

(ਅ) 'ਧੂੜ ਭਰੇ ਰਾਹ' ਸ੍ਵੈਜੀਵਨੀ-ਅੰਸ਼ ਵਿੱਚੋਂ ਪ੍ਰਿ: ਸਹਿਬ ਸਿੰਘ ਦੀ ਸ਼ਖ਼ਸੀਅਤ ਦਾ ਜੋ ਚਿਤਰ ਉਭੱਰਦਾ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ।

(ੲ) ਲੇਖਕ ਡਾ. ਮਹਿੰਦਰ ਸਿੰਘ ਰੰਧਾਵਾ ਨੇ ਆਈ. ਸੀ. ਐਸੱ. ਪਾਸ ਕਰਨ ਤੋਂ ਪਹਿਲਾਂ ਦੀ ਆਪਣੇ ਆਲੇ-ਦੁਆਲੇ ਦੀ ਮੰਦਹਾਲੀ ਬਾਰੇ ਜੋ ਕੁਝ ਦੱਸਿਆ ਹੈ, ਉਸ ਨੂੰ ਆਪਣੇ ਸ਼ਬਦਾਂ 'ਚ ਲਿਖੋ ।

(ਸ) ਜੀਨੀ, ਮਨੂੰ ਤੇ ਜੰਨਤ ਨੂੰ ਅਮਰੀਕਾ ਵਿੱਚ ਕਿਉਂ ਨਹੀਂ ਸੀ ਪੜ੍ਹਾਉਣਾ ਚਾਹੁੰਦੀ ?

(ਹ) ਭਗਤ ਸਿੰਘ ਹੋਰਾਂ ਦੀ ਸ਼ਹੀਦੀ ਬਾਰੇ 'ਮੇਰਾ ਨਾਮਕਰਨ' ਸ੍ਵੈਜੀਵਨੀ-ਅੰਸ਼ ਵਿੱਚ ਜੋ ਵੇਰਵਾ ਦਿੱਤਾ ਗਿਆ ਹੈ, ਉਸ ਨੂੰ ਆਪਣੇ ਸ਼ਬਦਾਂ ਵਿੱਚ ਲਿਖੋ ।

(ਕ) 'ਆਪਣੀ ਸੋਚ ਦੇ ਗਹਿਰੇ ਸਾਏ' ਸ੍ਵੈਜੀਵਨੀ-ਅੰਸ਼ ਵਿੱਚੋਂ ਇਸ ਦੇ ਲੇਖਕ ਡਾ: ਸੋਹਿੰਦਰ ਸਿੰਘ ਵਣਜਾਰਾ ਬੇਦੀ ਦੀ ਸ਼ਖ਼ਸੀਅਤ ਬਾਰੇ ਤੁਹਾਨੂੰ ਜੋ ਜਾਣਕਾਰੀ ਮਿਲਦੀ ਹੈ, ਉਸ ਉੱਤੇ ਇੱਕ ਨੋਟ ਲਿਖੋ ।

(ਖ) 'ਚੰਡੀਗੜ੍ਹ ਵਿੱਚ ਨਿਯੁਕਤੀ' ਸ੍ਵੈਜੀਵਨੀ-ਅੰਸ਼ਾਂ ਵਿੱਚ ਲੇਖਕ ਨੇ ਉਦੱਮ ਦੀ ਪ੍ਰਸੰਸਾ ਕਿਵੇਂ ਕੀਤੀ ਹੈ ?

(ਗ) ਆਕਲੈਂਡ ਸਕੂਲ ਦੀ ਪ੍ਰਿੰਸੀਪਲ ਕਿਹੋ-ਜਿਹੀ ਔਰਤ ਸੀ ? ਲੇਖਿਕਾ ਅਜੀਤ ਕੌਰ ਦੀਆਂ ਬੇਟੀਆਂ ਦੇ ਸਰਟੀਫ਼ਿਕੇਟ ਦੇਖ ਕੇ ਉਸ ਨੇ ਕੀ ਕਿਹਾ ? 5×4=20

6. 'ਸਾਹਿਤ-ਬੋਧ' ਪਾਠ-ਪੁਸਤਕ ਵਿੱਚੋਂ ਪੁੱਛੇ ਗਏ ਕਿਸੇ **ਇੱਕ** ਸਾਹਿਤ-ਰੂਪ ਬਾਰੇ ਨੋਟ ਲਿਖੋ :

(ੳ) ਨਿਬੰਧ

(ਅ) ਜੀਵਨੀ

(ੲ) ਇਕਾਂਗੀ । 12

7. ਪੁੱਛੇ ਗਏ ਛੰਦਾਂ, ਅਲੰਕਾਰਾਂ ਅਤੇ ਰਸਾਂ ਬਾਰੇ ਉਦਾਹਰਨਾਂ ਸਹਿਤ ਉੱਤਰ ਦਿਓ :

(ੳ) ਬੈਂਤ ਜਾਂ ਕਬਿੱਤ ਛੰਦ

(ਅ) ਰੂਪਕ ਜਾਂ ਅਨੁਪ੍ਰਾਸ ਅਲੰਕਾਰ

(ੲ) ਹਾਸ ਜਾਂ ਸ਼ਾਂਤ ਰਸ । 4+4+4=12